# ਮੇਰੇ ਹਿੱਸੇ ਦੇ ਗੁਰਸ਼ਰਨ ਭਾ ਜੀ

*—ਡਾ. ਸਤੀਸ਼ ਕੁਮਾਰ ਵਰਮਾ*

ਜਦੋਂ ਲੰਘੇ ਮੰਗਲਵਾਰ ਦੀ ਰਾਤ ਤੇ ਬੁੱਧਵਾਰ ਦੀ ਸਵੇਰ ਦੇ ਦਰਮਿਆਨ ਜਦੋਂ ਪੌਣੇ ਇਕ ਵਜੇ ਨਿੱਕੇ ਵੀਰ ਕੇਵਲ ਧਾਲੀਵਾਲ ਦੀ ਹਟਕੋਰਿਆਂ ਭਰੀ ਆਵਾਜ਼ ਵਿਚ ਗੁਰਸ਼ਰਨ ਭਾਅ ਜੀ ਦੇ ਚਲਾਣੇ ਦੀ ਖ਼ਬਰ ਸੁਣੀ ਤਾਂ ਸਵੇਰੇ ਪੌਣੇ ਛੇ ਤਕ ਦੇ ਪੰਜ ਘੰਟੇ ਮੈਂ ਪਾਸੇ ਮਾਰਦਿਆਂ ਕੱਟੇ ਤੇ ਗੁਰਸ਼ਰਨ ਭਾਅ ਜੀ ਦਾ ਸਾਰਾ ਜੀਵਨ ਤੇ ਕਾਰਜ ਫ਼ਿਲਮ ਵਾਂਗੂੰ ਮੇਰੇ ਆਲੇ-ਦੁਆਲੇ ਘੁੰਮਦਾ ਰਿਹਾ। ਉਹ ਦਿਨ ਮੇਰਾ ਕਾਲਮ-ਲੇਖਣ ਦਿਨ ਹੋਣ ਕਾਰਨ ਮੈਂ ਉੱਠਣ ਸਾਰ ਸਿੱਧਾ ਲਿਖਣ-ਮੇਜ਼ ਵੱਲ ਅਹੁਲਿਆ ਤਾਂ ਭਾਅ ਜੀ ਮੇਰੇ ਅੰਗ-ਸੰਗ ਹੀ ਸਨ। ਉਦੋਂ ਹੀ ਉਨ੍ਹਾਂ ਦੇ ਸਹਾਇਕ ਸਕੱਤਰ ਦੀ ਆਵਾਜ਼ ਕੇਵਲ ਦੀ ਆਵਾਜ਼ ਨਾਲ ਰਲਦੀ ਮੇਰੇ ਕੰਨੀਂ ਪਈ ਤੇ ਮੇਰੇ ਹਟਕੋਰੇ ਵੀ ਸ਼ੁਰੂ ਹੋ ਗਏ ਤੇ ਨਾਲ ਹੀ ਭਾਅ ਜੀ ਦੀ ਰੋਹ ਭਰੀ ਆਵਾਜ਼ ਕੰਨਾਂ ਵਿਚ ਗੂੰਜਣ ਲੱਗੀ, ਜਿਹੜੀ ਇੰਜ ਕਹਿ ਰਹੀ ਸੀ—

ਮੇਰੀਓ ਲੋਗੋ, ਮੈਂ ਸਾਢੇ ਪੰਜ ਦਹਾਕੇ ਤੁਹਾਡੀ ਬਾਂਹ ਫੜੀ ਰੱਖੀ ਹੈ, ਹੁਣ ਆਪਣੀ ਬਾਂਹ ਆਪ ਫੜਨ ਦੇ ਕਾਬਲ ਹੋ ਜਾਓ। ਤੁਸਾਂ ਸੋਨ-ਸਵੇਰਾ ਲਿਆਉਣਾ ਹੈ। ਸਮਾਜ ਨੂੰ ਬਦਲਣਾ ਹੈ। ਇਹ ਸਮਾਜ ਜੀਣ ਦੇ ਕਾਬਲ ਨਹੀਂ, ਹਾਂ, ਇਹਨੂੰ ਜੀਣ ਦੇ ਕਾਬਲ ਬਣਾਉਣਾ ਐ।

ਤੇ ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੇ ਵਰਗੇ ਛੋਟੇ-ਵੱਡੇ ਰੰਗਕਰਮੀ ਸਾਰੇ ਹੀ 'ਨਿੱਕੇ-ਨਿੱਕੇ ਗੁਰਸ਼ਰਨ ਸਿੰਘ' ਬਣ ਕੇ ਇਸ ਆਵਾਜ਼ ਵਿਚ ਆਵਾਜ਼ ਰਲਾ ਰਹੇ ਹੋਣ ਤੇ ਕਹਿ ਰਹੇ ਹੋਣ—

ਭਾਅ ਜੀ, ਤੁਸਾਂ ਸਾਡੇ ਸਾਰਿਆਂ ਵਿਚ ਸਮਾ ਗਏ ਓ। ਅਸੀਂ ਤੁਹਾਡੇ ਲੋਗਾਂ (ਭਾ ਜੀ 'ਲੋਕ' ਦੀ ਥਾਂ 'ਲੋਗ' ਸ਼ਬਦ ਉਚਾਰਦੇ ਸਨ) ਨੂੰ ਤੁਹਾਡੇ ਬੋਲ ਯਾਦ ਕਰਾਉਂਦੇ ਰਹਾਂਗੇ ਤੇ ਤੁਹਾਡੀ ਜੋਤ ਜਗਦੀ ਰੱਖਾਂਗੇ। ਤੁਸੀਂ ਵਿਸ਼ਵਾਸ ਰੱਖੋ।

ਇਹ ਪਹਿਲੀ ਵਾਰ ਹੋਇਆ ਕਿ ਕਿਸੇ ਆਪਣੇ ਦੇ ਤੁਰ ਜਾਣ 'ਤੇ ਮਨ ਨਿਰਾਸ਼, ਹਤਾਸ ਜਾਂ ਉਦਾਸ ਨਹੀਂ ਹੋਇਆ ਬਲਕਿ 'ਉਦਾਤ' ਹੋਇਆ। ਲੱਗਿਆ ਕਿ ਕੋਈ ਪਰਿਵਾਰ ਦਾ ਮੁਖੀ ਆਪਣੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਅ ਕੇ ਆਪਣੇ ਬੱਚਿਆਂ

ਦੇ ਸਿਰ 'ਤੇ ਇੰਜ ਜ਼ਿੰਮੇਵਾਰੀਆਂ ਪਾ ਕੇ ਗਿਆ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜਿੰਨਾ ਬਾਖ਼ੂਬੀ ਇਹ 'ਸਾਡਾ ਵਡੇਰਾ' ਕੰਮ ਕਰਕੇ ਗਿਆ ਹੈ, ਉਹ ਤਾਂ ਅਸੀਂ ਸਹਿਜੇ ਹੀ ਅੱਗੇ ਤੋਰ ਲਵਾਂਗੇ। ਇੰਜ ਲੱਗਿਆ ਕਿ ਵਡੇਰਾ ਕਿਤੇ ਗਿਆ ਹੀ ਨਹੀਂ, ਬਲਕਿ ਅਪਣੇ ਕੰਮ ਦੀ ਜਾਚ ਸਿਖਾ ਕੇ, ਕੰਮ ਕਰਨ ਦੀ ਭਾਵਨਾ ਦੀ ਜੋਤ ਜਗਾ ਕੇ, ਖ਼ੁਦ ਉਹ ਜੋਤ ਬਣ ਕੇ, ਸਾਡੇ ਵਿਚ ਹੀ ਸਮਾ ਗਿਆ ਹੈ ਪਰ ਇਹ ਵੀ ਇਕ ਸੱਚ ਹੈ ਕਿ ਭਾਅ ਜੀ ਦੇ ਨਕਸ਼-ਏ-ਕਦਮ 'ਤੇ ਚੱਲਿਆ ਤਾਂ ਜਾ ਸਕਦਾ ਹੈ, ਭਾਅ ਜੀ ਦੀ ਸ਼ੈਲੀ ਵਿਚ ਕੰਮ ਵੀ ਕੀਤਾ ਜਾ ਸਕਦਾ ਹੈ, ਨਾਟਕ ਤੋਂ ਬਾਅਦ ਤੇ ਨਾਟਕ ਤੋਂ ਪਹਿਲਾਂ ਮਹਿਫ਼ਲਾਂ ਵਿਚ ਭਾ ਜੀ ਦੀ 'ਨਕਲ' ਕਰਕੇ ਆਨੰਦ ਵੀ ਲਿਆ ਸਕਦਾ ਹੈ ਪਰੰਤੂ ਭਾਅ ਜੀ 'ਬਣਿਆ' ਨਹੀਂ ਜਾ ਸਕਦਾ। ਉਨ੍ਹਾਂ ਵਰਗਾ 'ਜਨੂੰਨ' ਤੇ ਉਨ੍ਹਾਂ ਵਰਗਾ 'ਰੰਗਮੰਚੀ ਕਾਇਦਾ ਕਾਨੂੰਨ' ਪੈਦਾ ਕਰਨਾ ਤੇ ਉਸ 'ਤੇ ਸਾਰੀ ਉਮਰ ਚੱਲਣਾ ਬੜਾ ਔਖਾ ਹੈ। ਅਸੀਂ ਸਾਰੇ ਅਕਸਰ ਰੌਲਾ ਪਾਉਂਦੇ ਹਾਂ ਕਿ 'ਪੰਜਾਬ ਵਿਚ ਕਸਬੀ ਥੀਏਟਰ' ਨਹੀਂ ਹੈ ਪਰ ਭਾਅ ਜੀ ਨੇ ਮੁੱਢ ਤੋਂ ਹੀ ਆਪਣਾ ਥੀਏਟਰ 'ਕਸਬੀ ਲੀਹਾਂ' ਉੱਤੇ ਚਲਾਇਆ। ਮੈਂ ਉਨ੍ਹਾਂ ਦੀ ਦੋ ਵਾਰ ਲੰਮੀ ਇੰਟਰਵਿਊ ਕੀਤੀ, ਇਕ ਨਾਟਕਕਾਰ ਵਜੋਂ ਤੇ ਇਕ ਰੰਗਕਰਮੀ ਵਜੋਂ। ਇਹ ਦੋਵੇਂ ਕ੍ਰਮਵਾਰ ਮੇਰੀਆਂ ਪੁਸਤਕਾਂ 'ਨਾਟਕਕਾਰਾਂ ਨਾਲ ਸੰਵਾਦ' ਤੇ 'ਰੰਗਕਰਮੀਆਂ ਨਾਲ ਸੰਵਾਦ' ਵਿਚ ਛਪੀਆਂ। ਲਗਪਗ 60-70 ਪੰਨਿਆਂ ਵਿਚ ਛਪੀਆਂ, ਇਹ ਮੁਲਾਕਾਤਾਂ ਅਤੇ ਹੋਰ ਅਨੇਕ ਥਾਵਾਂ 'ਤੇ ਛਪੇ ਉਨ੍ਹਾਂ ਦੇ ਆਤਮ-ਕਥਨਾਂ, ਰੰਗਮੰਚੀ ਵੇਰਵਿਆਂ, ਟਿੱਪਣੀਆਂ ਤੇ ਉਨ੍ਹਾਂ ਦੇ ਕਲਾਕਾਰਾਂ ਨਾਲ ਕੀਤੀਆਂ ਗੱਲਾਂ ਤੋਂ ਜਦੋਂ ਇਹ ਤੱਥ ਪ੍ਰਾਪਤ ਹੋਇਆ ਤਾਂ ਉਨ੍ਹਾਂ ਦੀ ਸਿਆਣਪ ਅੱਗੇ ਸਿਰ ਝੁਕ ਗਿਆ। 1969 ਵਿਚ ਜਦੋਂ ਉਨ੍ਹਾਂ ਨੇ ਆਪਣੇ ਥੀਏਟਰ ਦਾ ਪਿੰਡਾਂ ਵੱਲ ਰੁਖ਼ ਕੀਤਾ ਤਾਂ ਇਕ ਸ਼ੋਅ ਦੀ 200 ਰੁਪਏ ਰਾਸ਼ੀ ਮਿਲਦੀ ਸੀ। 55 ਪਾਤਰਾਂ ਵਾਲੇ ਗੁਰਦਿਆਲ ਸਿੰਘ ਫੁੱਲ ਦੇ ਨਾਟਕ 'ਜਿਨ ਸਚ ਪਲੈ ਹੋਇ' ਨੂੰ ਉਹ ਪੰਜ ਕਲਾਕਾਰਾਂ ਨਾਲ ਖੇਡਦੇ ਸਨ। ਉਦੋਂ ਪੰਜੇ ਕਲਾਕਾਰਾਂ ਨੂੰ 20 ਰੁਪਏ ਪ੍ਰਤੀ ਕਲਾਕਾਰ ਪੇਮੈਂਟ (ਭਾਅ ਜੀ ਦੀ ਭਾਸ਼ਾ ਵਿਚ 'ਜੇਬ ਖਰਚ') ਮਿਲਦੀ ਸੀ। ਪੰਜਾਹ ਰੁਪਏ ਗੱਡੀ ਵਾਲਾ ਲੈਂਦਾ ਸੀ ਤੇ ਪੰਜਾਹ ਰੁਪਏ ਕਲੱਬ ਫੀਸ ਵਜੋਂ ਰੱਖੇ ਜਾਂਦੇ ਸਨ ਤਾਂ ਕਿ ਨਾਟ-ਗਰੁੱਪ 'ਅੰਮ੍ਰਿਤਸਰ ਕਲਾ ਕੇਂਦਰ' ਦੀਆਂ ਗਤੀਵਿਧੀਆਂ ਚਲਦੀਆਂ ਰਹਿਣ। ਅੱਜ ਤੋਂ ਚਾਲੀ-ਬਿਆਲੀ ਸਾਲ ਪਹਿਲਾਂ ਏਨਾ ਸਾਫ਼-ਸੁਥਰਾ ਸਿਸਟਮ ਸ਼ਾਇਦ ਅੱਜ ਵੀ ਸੰਭਵ ਨਾ ਹੋਵੇ। ਇਹ ਤਾਂ ਉਹ ਪੱਖ ਹੈ ਜੋ ਇਕ ਰੰਗਕਰਮੀ ਹੋਣ ਦੇ ਨਾਤੇ ਮੈਂ ਮਹਿਸੂਸ ਕੀਤਾ ਤੇ ਇਕ ਖੋਜੀ ਹੋਣ ਕਾਰਨ ਆਪਣੀਆਂ ਪੁਸਤਕਾਂ ਵਿਚ ਰਿਕਾਰਡ ਕੀਤਾ। ਉਨ੍ਹਾਂ ਦੀ ਲੋਕਪੱਖੀ ਸ਼ਖ਼ਸੀਅਤ ਤੇ ਜਨਜੀਵਨ ਵਿਚ ਰੰਗਮੰਚ ਰਾਹੀਂ 'ਚੇਤਨਾ' ਜਗਾਉਣ ਦਾ ਪ੍ਰਕਾਰਜ ਤਾਂ ਹਰ ਪੰਜਾਬੀ ਦੇ ਪ੍ਰਸੰਗ ਵਿਚ ਬੱਚੇ-ਬੱਚੇ ਦੀ ਜ਼ੁਬਾਨ 'ਤੇ ਹੈ। ਨੰਗਲ ਡੈਮ 'ਤੇ ਬਤੌਰ ਇੰਜੀਨੀਅਰ ਕੰਮ ਕਰਦਿਆਂ 1957 'ਚ ਆਪਣੀ ਪਹਿਲੀ ਪੇਸ਼ਕਾਰੀ 'ਲੋਹੜੀ ਦੀ

ਰਾਤ' ਤੋਂ ਲੈ ਕੇ ਹੁਣ ਤਕ ਸੈਂਕੜੇ ਨਾਟਕਾਂ ਦੇ ਲੇਖਣ, ਹਜ਼ਾਰਾਂ ਨਾਟਕਾਂ ਦੇ ਨਿਰਦੇਸ਼ਨ, ਲੱਖਾਂ ਪੇਸ਼ਕਾਰੀਆਂ ਦੇਣ ਅਤੇ ਕਰੋੜਾਂ ਦਰਸ਼ਕਾਂ ਤਕ ਪੁੱਜਣ ਦੀ ਦਾਸਤਾਨ ਏਨੀ ਲੰਮੇਰੀ ਹੈ ਕਿ ਮੇਰੇ ਕਾਲਮ ਦੇ ਹੱਥ ਲਿਖਤ ਸੱਤ ਪੰਨੇ ਤਾਂ ਗੋਹੜੇ ਵਿਚੋਂ ਪੂਣੀ ਛੋਹਣ ਦਾ ਕਾਰਜ ਹੀ ਕਰ ਸਕਦੇ ਹਨ। ਗੁਰਸ਼ਰਨ ਸਿੰਘ ਦੀ ਸਮੁੱਚੀ ਸ਼ਖ਼ਸੀਅਤ ਦੀ ਉਸਾਰੀ ਲਈ ਢੇਰਾਂ ਦੇ ਢੇਰ ਪੰਨੇ ਦਰਕਾਰ ਹਨ। ਹੁਣ ਤਕ ਉਨ੍ਹਾਂ ਬਾਰੇ ਥਾਂ-ਪੁਰ-ਥਾਂ ਲਿਖੇ ਲੇਖਾਂ ਅਤੇ ਕਿਤਾਬਾਂ ਵਿਚ ਮੇਰੇ ਵੱਲੋਂ ਲਿਖੇ ਸੈਂਕੜੇ ਪੰਨਿਆਂ ਵਿਚੋਂ ਜੇ ਤੱਤ-ਸਾਰ (Zist) ਰੂਪੀ ਟਿੱਪਣੀ ਲੱਭਣੀ ਹੋਵੇ ਤਾਂ ਮੈਨੂੰ ਆਪਣੀ ਨੈਸ਼ਨਲ ਬੁੱਕ ਟਰੱਸਟ ਵੱਲੋਂ ਛਪੀ ਪੁਸਤਕ 'ਪੰਜਾਬੀ ਸਾਹਿਤ ਦੇ ਮਾਨਵੀ ਸਰੋਕਾਰ' (2010) ਫਰੋਲਣੀ ਚੰਗੀ ਲੱਗੀ, ਜਿਸ ਵਿਚਲੇ 'ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ : ਗੁਰਸ਼ਰਨ ਸਿੰਘ' ਨਾਂਅ ਦੇ ਮੇਰੇ ਲੇਖ ਦਾ ਮੁੱਢ ਹੀ ਗੁਰਸ਼ਰਨ ਭਾਅ ਜੀ ਦੇ ਉਦੇਸ਼ ਤੇ ਸੰਦੇਸ਼ ਨੂੰ ਉਲੀਕਦਾ ਹੈ—ਕਿਸੇ ਵੀ ਕਲਮਕਾਰ ਜਾਂ ਕਲਾਕਾਰ ਦਾ ਮੁੱਢਲਾ ਕਾਰਜ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨਾ ਹੁੰਦਾ ਹੈ। ਸਾਨੂੰ ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਤੌਰ 'ਤੇ ਜਿਹੜੇ ਅਧਿਕਾਰ ਮਿਲੇ ਹਨ, ਉਨ੍ਹਾਂ ਨੂੰ ਮਾਣਨਾ ਹਰ ਬਸ਼ਰ ਦਾ ਬੁਨਿਆਦੀ ਹੱਕ ਹੈ ਪਰ ਸਮੇਂ-ਸਮੇਂ ਸਮਾਜ, ਸਭਿਆਚਾਰ ਤੇ ਰਾਜਨੀਤੀ ਦੇ ਅਖੌਤੀ ਠੇਕੇਦਾਰ ਇਨ੍ਹਾਂ ਹੱਕਾਂ 'ਤੇ ਆਪਣਾ ਅਜਿਹਾ ਅਧਿਕਾਰ ਜਮਾਉਂਦੇ ਹਨ ਕਿ ਜਨ-ਸਾਧਾਰਨ ਦੀ ਹਾਲਤ ਚੱਕੀ ਦੇ ਪੁੜਾਂ ਵਿਚ ਪਿਸਣ ਵਾਲੀ ਹੋ ਜਾਂਦੀ ਹੈ। ਇਕ ਪਾਸੇ ਅਧਿਕਾਰਾਂ ਦੀ ਪ੍ਰਾਪਤੀ ਦੇ 'ਨੇਮਾਂ ਦਾ ਪੁੜ' ਤੇ ਦੂਜੇ ਪਾਸੇ ਹੱਕਮਾਰਾਂ ਦਾ 'ਪੁੜਨੇਮ' ਉਸ ਨੂੰ ਹੱਕਾਂ ਦੀ ਪ੍ਰਾਪਤੀ ਵੱਲ ਧੱਕਦੇ ਹਨ, ਪਰ ਨੇਮਾਂ 'ਤੇ ਕਬਜ਼ਾ ਜਮਾਈ ਬੈਠੇ ਲੋਕ ਹੱਕ-ਪ੍ਰਾਪਤੀ ਹੋਣ ਨਹੀਂ ਦਿੰਦੇ। ਅਜੋਕੇ ਲੋਕਤੰਤਰੀ ਭਾਰਤ ਵਿਚ ਇਹ ਸਥਿਤੀ ਹੋਰ ਵੀ ਵਿਕਰਾਲ ਰੂਪ ਧਾਰ ਗਈ ਹੈ।

ਦੁਨੀਆ ਦੀ ਇਕ ਵੱਡੀ ਜਮਹੂਰੀਅਤ ਹੋਣ ਕਾਰਨ ਹਰ ਨਾਗਰਿਕ ਨੂੰ ਸੰਵਿਧਾਨ ਵੱਲੋਂ ਮਨੁੱਖੀ ਅਧਿਕਾਰ ਦਿੱਤੇ ਗਏ ਹਨ, ਨੇਮ ਬਣੇ ਹੋਏ ਹਨ, ਪਰੰਤੂ ਰਾਜਨੀਤੀ 'ਤੇ ਕਾਬਜ਼ ਧਿਰਾਂ ਅਤੇ ਉਨ੍ਹਾਂ ਨੂੰ ਫੀਡ ਕਰਨ ਵਾਲੀ ਲੋਟੂ ਸ਼੍ਰੇਣੀ ਥਾਂ-ਥਾਂ 'ਤੇ ਅੜਿੱਕੇ ਡਾਹੁੰਦੀ ਹੈ ਤੇ ਆਮ ਨਾਗਰਿਕ ਮਾਨਵੀ ਅਧਿਕਾਰਾਂ ਨੂੰ ਮਾਨਣ ਦੀ ਥਾਂ ਗੁਲਾਮਾਂ ਵਰਗੀ ਜ਼ਿੰਦਗੀ ਜੀਣ ਲਈ ਮਜਬੂਰ ਹੋ ਰਿਹਾ ਹੈ। ਅਜਿਹੇ ਸਮੇਂ ਕਲਮਕਾਰ ਤੇ ਕਲਾਕਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਮੈਦਾਨ ਵਿਚ ਨਿੱਤਰੇ ਹਨ ਤੇ ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ ਬਣੇ ਹਨ, ਉਨ੍ਹਾਂ ਵਿਚ ਇਕ ਪ੍ਰਮੁੱਖ ਨਾਂ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਦਾ ਹੈ, ਜਿਸ ਬਾਰੇ ਇਹ ਕਹਿਣਾ ਯੋਗ ਹੋਵੇਗਾ ਕਿ ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਭਰ ਵਗਦਾ ਦਰਿਆ ਹੈ। ਉਹ ਵਾਹਿਦ ਐਸਾ ਰੰਗਕਰਮੀ ਹੈ, ਜਿਸ ਨੇ ਗਿਣਤੀ ਵਿਚ ਸਭ ਤੋਂ ਵੱਧ ਪ੍ਰੋਡਕਸ਼ਨਾਂ ਦਿੱਤੀਆਂ ਹਨ। ਉਸ ਨੇ ਪੰਜਾਬ ਦਾ ਚੱਪਾ-ਚੱਪਾ ਗਾਹਿਆ ਹੈ। ਪੰਜਾਬ ਦੇ ਬਾਰਾਂ ਹਜ਼ਾਰ ਸੱਤ

ਸੌ ਉਨੱਤੀ ਮੌਜੂਦਾ ਪਿੰਡਾਂ ਵਿਚੋਂ ਸ਼ਾਇਦ ਹੀ ਕੋਈ ਐਸਾ ਪਿੰਡ ਹੋਵੇ, ਜਿਸ ਵਿਚ ਗੁਰਸ਼ਰਨ ਸਿੰਘ ਆਪਣਾ ਥੀਏਟਰ ਲੈ ਕੇ ਨਾ ਪੁੱਜਿਆ ਹੋਵੇ।

ਇਹ ਕੇਵਲ ਪੰਜਾਬ ਤੇ ਉਹ ਵੀ ਮੌਜੂਦਾ ਪੰਜਾਬ ਦਾ ਹਵਾਲਾ ਹੈ। ਇਸ ਤੋਂ ਇਲਾਵਾ ਭਾਰਤ ਦੇ ਸੂਬੇ ਤੇ ਬਾਹਰਲੇ ਦੇਸ਼ ਵੱਖਰੇ ਹਨ, ਸਣੇ ਪਾਕਿਸਤਾਨ ਦੇ। 2006 ਵਿਚ ਜਦੋਂ ਭਾ ਜੀ 'ਅਜੋਕਾ ਥੀਏਟਰ' ਦੇ ਸੱਤ ਰੋਜ਼ਾ ਨਾਟਕ ਮੇਲੇ 'ਤੇ ਸਾਡੇ ਨਾਲ ਪਹਿਲੀ ਵਾਰ 'ਪਾਕਿਸਤਾਨ' ਗਏ ਸਨ ਤਾਂ 'ਆਨ ਫੁੱਟ' ਵੀਜ਼ਾ ਹੋਣ ਕਾਰਨ 'ਨੋ ਮੈਨਜ਼ ਲੈਂਡ' ਟੱਪਦਿਆਂ ਉਨ੍ਹਾਂ ਦੇ ਮਨ ਦੀ ਸਥਿਤੀ ਅਸੀਂ ਸਾਰਿਆਂ ਨੇ ਮਹਿਸੂਸ ਕੀਤੀ ਸੀ। ਕਮਾਲ ਇਹ ਸੀ ਕਿ ਵਾਹਗਾ ਬਾਰਡਰ ਤੋਂ ਲਾਹੌਰ ਤਕ ਜਾਂਦਿਆਂ ਉਹ ਪੰਜਾਹ ਸਾਲ ਪੁਰਾਣੀਆਂ ਥਾਵਾਂ ਤੇ ਵੇਰਵੇ ਇੰਜ ਦੇ ਰਹੇ ਸਨ, ਜਿਵੇਂ ਕੱਲ੍ਹ ਹੀ ਇਥੋਂ ਗਏ ਹੋਣ।

ਦੋਸਤੋ, ਗੁਰਸ਼ਰਨ ਸਿੰਘ ਇਕ 'ਵਿਅਕਤੀ' ਨਹੀਂ, ਇਕ 'ਵਰਤਾਰੇ' ਦਾ ਨਾਂ ਹੈ। ਅਜਿਹਾ ਵਰਤਾਰਾ ਸਮਾਜ ਵਿਚ ਕਦੇ-ਕਦੇ ਹੀ 'ਵਰਤਦਾ' ਹੈ। ਇਸ ਕਾਲਮ ਦੇ ਛਪਣ ਤਕ ਪੰਨਿਆਂ ਦੇ ਪੰਨੇ ਗੁਰਸ਼ਰਨ ਸਿੰਘ ਬਾਰੇ ਛਪ ਚੁੱਕੇ ਹੋਣਗੇ, ਪਰ 'ਸਾਡੇ ਸਾਰਿਆਂ ਦੇ ਹਿੱਸੇ ਦਾ ਗੁਰਸ਼ਰਨ ਸਿੰਘ' ਸਾਡਾ ਆਪਣਾ ਹੈ, ਜਿਹੜਾ ਇਕੱਲੇ-ਇਕੱਲੇ ਹਰ ਉਸ ਪੰਜਾਬੀ ਦਾ ਪ੍ਰੇਰਕ ਹੈ, ਜਿਹੜਾ ਰੰਗਮੰਚ ਦੇ ਜੀਵੰਤ ਮਾਧਿਅਮ ਨੂੰ 'ਜਨਚੇਤਨਾ' ਦੇ ਸੰਚਾਰ ਲਈ ਸ਼ਕਤੀਸ਼ਾਲੀ ਧਿਰ ਮੰਨ ਕੇ ਸਮਾਜਿਕ ਤਬਦੀਲੀ ਲਈ ਖ਼ੁਦ ਵਾਹਨ ਬਣਨ ਲਈ ਤਿਆਰ ਹੈ, ਜਿਵੇਂ ਗੁਰਸ਼ਰਨ ਸਿੰਘ ਬਣਿਆ। ਸਾਰੇ ਗੁਰਸ਼ਰਨ ਸਿੰਘ ਦੀ ਬਾਤ ਪਾਉਣਗੇ ਤੇ ਗੁਰਸ਼ਰਨ ਸਿੰਘ ਦੀਆਂ ਬਾਤਾਂ ਚੱਲਣਗੀਆਂ। ਜਦੋਂ ਮੈਂ ਇਹ ਲੇਖ ਲਿਖਣ ਲੱਗਿਆ ਤਾਂ ਮੈਂ ਲੋਕਧਾਰਾ ਦਾ ਵਾਕ ਸਿਰਲੇਖ ਵਜੋਂ ਚੁਣਿਆ ਸੀ—

*ਘਰ ਘਰ ਪੁੱਤ ਜੰਮਦੇ*
*ਗੁਰਸ਼ਰਨ ਸਿੰਘ ਨੀ ਕਿਸੇ ਨੇ ਬਣ ਜਾਣਾ।*

ਸਾਰਾ ਲੇਖ ਲਿਖਣ ਤੋਂ ਬਾਅਦ ਜਦੋਂ ਮੈਂ ਲੇਖ ਸਮੇਟ ਰਿਹਾ ਹਾਂ ਤਾਂ ਜਾਪਦਾ ਹੈ ਕਿ ਮੈਂ ਤਾਂ 'ਮੇਰੇ ਹਿੱਸੇ ਦੇ ਗੁਰਸ਼ਰਨ ਭਾਅ ਜੀ' ਤਕ ਹੀ ਪੁੱਜਿਆ ਹਾਂ। 'ਗੁਰਸ਼ਰਨ ਸਿੰਘ ਨੀ ਕਿਸੇ ਨੇ ਬਣ ਜਾਣਾ' ਦੀ ਵਾਰਤਾ ਤਾਂ ਬੜੀ ਲੰਮੀ ਹੈ, ਜਿਸ ਲਈ ਅਜੇ ਬਹੁਤ ਕੁਝ ਲਿਖਣਾ ਦਰਕਾਰ ਹੈ।

'ਸਦਾ ਜਿਊਂਦੇ ਗੁਰਸ਼ਰਨ ਭਾਅ ਜੀ ਨੂੰ ਸਾਡਾ ਸਦਾ ਸਲਾਮ' ਹਾਜ਼ਰ ਹੈ।